# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਪੰਜਾਬ।

**ਈ-ਬਲਾਕ ਪੰਜਵੀਂ ਮੰਜਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫ਼ੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।ਫ਼ੋਨ 0172-5212313 ਫ਼ੈਕਸ 0172-5212369-70**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ/ ਸੈਸਿ)
ਪੰਜਾਬ।

ਮੀਮੋ ਨੰ: ਸਸਅ/ਪ੍ਰੋਕ./2016/ 2113
ਮਿਤੀ: ੦੧.ਫ਼ਰਵਰੀ, 2016

**ਵਿਸ਼ਾ: ਸਰਵ ਸਿੱਖਿਆ ਅਭਿਆਨ ਅਧੀਨ ਪ੍ਰਿੰਟਿੰਗ ਫ਼ਰਮਾਂ ਅਤੇ ਹੋਰ ਵੈਂਡਰਜ਼ ਨੂੰ ਸਰਵ ਸਿੱਖਿਆ ਅਭਿਆਨ ਅਧੀਨ ਛਪਾਈ ਅਤੇ ਖ਼ਰੀਦ-ਫ਼ਰੋਖ਼ਤ ਆਦਿਕ ਮਾਮਲਿਆਂ ਵਿੱਚ ਕੀਤੀ ਜਾਣ ਵਾਲੀ ਅਦਾਇਗੀ ਵਿੱਚ ਹੁੰਦੀ ਦੇਰੀ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖ਼ੇਚਲ ਕਰੋ ਜੀ।

2.0 ਸਰਵ ਸਿੱਖਿਆ ਅਭਿਆਨ ਅਥਾਰਿਟੀ ਵੱਲੋਂ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮੰਤਵ ਨੂੰ ਮੁੱਖ ਰੱਖ ਕੇ ਵੱਖ-2 ਸਕੀਮਾਂ ਅਧੀਨ ਸਕੂਲਾਂ ਅਤੇ ਦਫ਼ਤਰਾਂ ਲਈ ਕਈ ਤਰਾਂ ਦੇ ਮੈਟੀਰੀਅਲ ਦੀ ਛਪਾਈ, ਸੂਚਨਾ ਤੇ ਸੰਚਾਰ ਤਕਨਾਲੋਜੀ ਨਾਲ ਸਬੰਧਤ ਵੱਖ-2 ਉਪਕਰਨ ਅਤੇ ਹੋਰ ਕਈ ਕਿਸਮਾਂ ਦੀ ਖ਼ਰੀਦ ਕੀਤੀ ਜਾਂਦੀ ਹੈ ਅਤੇ ਇਸ ਮੈਟੀਰੀਅਲ ਦੀ ਵੰਡ ਸਬੰਧਤ ਸ਼ਾਖ਼ਾ ਦੀ ਤਜਵੀਜ਼ ਅਨੁਸਾਰ ਸਟੇਟ, ਜ਼ਿਲ੍ਹਾ, ਬਲਾਕ ਅਤੇ ਸਕੂਲ ਪੱਧਰ 'ਤੇ ਕੀਤੀ ਜਾਂਦੀ ਹੈ।ਪ੍ਰੰਤੂ ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਪ੍ਰਿੰਟਿੰਗ ਫ਼ਰਮਾਂ ਵੱਲੋਂ ਮੈਟੀਰੀਅਲ ਸਪਲਾਈ ਕੀਤੇ ਜਾਣ ਦੇ ਬਾਵਜੂਦ ਜ਼ਿਲ੍ਹਾ/ ਬਲਾਕ ਜਾਂ ਸਕੂਲ ਪੱਧਰ ਤੋਂ ਲੋੜੀਂਦੀ ਪਹੁੰਚ ਰਸੀਦ ਸਮੇਂ ਸਿਰ ਨਾ ਪਹੁੰਚਣ ਕਾਰਨ ਵੱਖ-2 ਫ਼ਰਮਾਂ ਨੂੰ ਕੀਤੀ ਜਾਣ ਵਾਲੀ ਅਦਾਇਗੀ ਵਿੱਚ ਬੇਲੋੜੀ ਦੇਰੀ ਹੁੰਦੀ ਹੈ ਅਤੇ ਇਸ ਨਾਲ ਸਿੱਖਿਆ ਵਿਭਾਗ ਦਾ ਅਕਸ਼ ਖ਼ਰਾਬ ਹੁੰਦਾ ਹੈ ਤੇ ਨਾਲ ਹੀ ਕਈ ਕਾਨੂੰਨੀ ਉਲ਼ਝਣਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂ ਜੋ ਕਈ ਵਾਰ ਪਲਾਨ ਮੁਤਾਬਿਕ ਜਿਹਨਾਂ ਸਕੀਮਾਂ ਵਿੱਚ ਬੱਜਟ ਪ੍ਰਵਾਨ ਹੋਇਆ ਹੁੰਦਾ ਹੈ, ਅਜਿਹੀ ਬੇਲੋੜੀ ਦੇਰੀ ਕਾਰਨ ਉਸੇ ਵਿੱਤੀ ਵਰ੍ਹੇ ਦੌਰਾਨ ਖ਼ਰਚ ਨਹੀਂ ਹੁੰਦਾ, ਇਸ ਕਾਰਨ ਕਈ ਤਰ੍ਹਾਂ ਦੀਆਂ ਵਿੱਤੀ ਉਲ਼ਝਣਾਂ ਪੈਦਾ ਹੁੰਦੀਆਂ ਹਨ ਅਤੇ ਵਿਦਿਆਰਥੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਸਹੀ ਲਾਭ ਨਹੀਂ ਲੈ ਸਕਦੇ।

3.0 ਉਪਰੋਕਤ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ/ ਬਲਾਕ ਜਾਂ ਸਕੂਲ ਪੱਧਰ 'ਤੇ ਸਪਲਾਈ ਪ੍ਰਾਪਤ ਕਰਨ ਵਾਲੇ ਅਧਿਕਾਰੀ/ ਕਰਮਚਾਰੀਆਂ ਵੱਲੋਂ ਸਮੇਂ ਸਿਰ ਪਹੁੰਚ ਰਸੀਦਾਂ ਮੁੱਖ ਦਫ਼ਤਰ ਵਿਖੇ ਭੇਜਣ ਅਤੇ ਸਟਾਕ ਐਂਟਰੀ ਕਰਨ ਵਿੱਚ ਵਿੱਚ ਕੋਤਾਹੀ ਕੀਤੀ ਜਾਂਦੀ ਹੈ ਜਿਸ ਕਾਰਨ ਅਦਾਇਗੀਆਂ ਕਰਨ ਵਿੱਚ ਬੇਲੋੜੀ ਦੇਰੀ ਹੁੰਦੀ ਹੈ ਇਸ ਲਈ ਫ਼ੈਸਲਾ ਕੀਤਾ ਗਿਆ ਕਿ ਪਹੁੰਚ ਰਸੀਦਾਂ ਮੁੱਖ ਦਫ਼ਤਰ ਵਿਖੇ ਭੇਜਣ ਲਈ ਵੱਖ-2 ਪੱਧਰਾਂ ਵਾਸਤੇ ਸਮਾਂ-ਬੱਧ ਸਾਰਨੀ ਤਿਆਰ ਕੀਤੀ ਜਾਵੇ ਅਤੇ ਜੇਕਰ ਕੋਈ ਵੀ ਅਧਿਕਾਰੀ ਕਿਸੇ ਵੀ ਪੱਧਰ 'ਤੇ ਸਟਾਕ ਐਂਟਰੀ ਕਰਨ ਉਪਰੰਤ ਪਹੁੰਚ ਰਸੀਦ ਸਮੇ ਸਿਰ ਭੇਜਣ ਵਿੱਚ ਕੋਤਾਹੀ ਕਰਦਾ ਹੈ ਤਾਂ ਉਸ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।ਇਸ ਸਾਰਨੀ ਦਾ ਵੇਰਵਾ ਹੇਠ ਦਿੱਤਾ ਗਿਆ ਹੈ:

| **ਲੜੀ ਨੰਬਰ** | **ਮੈਟੀਰੀਅਲ ਸਪਲਾਈ ਕਰਨ ਦਾ ਸਥਾਨ** | **ਪ੍ਰਾਪਤ ਕਰਨ ਵਾਲੇ ਅਧਿਕਾਰੀ ਕਰਮਚਾਰੀ ਦਾ ਨਾਂ ਤੇ ਅਹੁਦਾ** | **ਸਪਲਾਈ ਉਪਰੰਤ ਪਹੁੰਚ ਰਸੀਦ ਭੇਜਣ ਲਈ ਮਿਥੇ ਗਏ ਦਿਨ** | **ਵਿਸ਼ੇਸ਼ ਕਥਨ** |
|---|---|---|---|---|
| 1. | ਰਾਜ ਪੱਧਰ | ਕੇਅਰਟੇਕਰ (ਸਸਅ) | ਸਪਲਾਈ ਵਾਲੇ ਦਿਨ | ਪਹੁੰਚ ਰਸੀਦਾਂ ਪਹਿਲਾਂ ਤੋਂ ਨਿਰਧਾਰਿਤ ਪ੍ਰੋਫ਼ਾਰਮੇ ਵਿੱਚ ਭਰਕੇ ਭੇਜੀਆਂ ਜਾਣ। |
| 2. | ਜ਼ਿਲ੍ਹਾ ਪੱਧਰ | ਜ਼ਿਲ੍ਹਾ ਸਿੱਖਿਆ ਅਫ਼ਸਰ | 15 ਦਿਨ | |
| 3. | ਬਲਾਕ | ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ | 20 ਦਿਨ | |
| 4. | ਸਕੂਲ ਪੱਧਰ | ਸਕੂਲ ਮੁਖੀ/ ਇੰਚਾਰਜ | 25 ਦਿਨ | |
| 5. | ਤਜਵੀਜ਼ ਕਰਨ ਵਾਲੀ ਸ਼ਾਖ਼ਾ | ਕੰਪੋਨੈਂਟ/ ਬ੍ਰਾਂਚ ਦਾ ਮੁਖੀ/ ਇੰਚਾਰਜ | 30 ਦਿਨ | |

ਸੋ ਇਸ ਸਾਰਨੀ/ ਸ਼ੈਡਿਊਲ ਮੁਤਾਬਿਕ ਜੇਕਰ ਕਿਸੇ ਵੀ ਅਧਿਕਾਰੀ/ ਕਰਮਚਾਰੀ ਵੱਲੋਂ ਕਿਸੇ ਵੀ ਤਰਾਂ ਦੇ ਮੈਟੀਰੀਅਲ ਦੀ ਪਹੁੰਚ ਰਸੀਦ ਮੁੱਖ ਦਫ਼ਤਰ ਵਿਖੇ ਭੇਜਣ ਵਿੱਚ ਬੇਲੋੜੀ ਦੇਰੀ/ ਕੋਤਾਹੀ ਕੀਤੀ ਜਾਂਦੀ ਹੈ ਤਾਂ ਇਸ ਨੂੰ ਵਿੱਤੀ ਕੋਤਾਹੀ ਕਰਾਰ ਦਿੰਦੇ ਹੋਏ ਸਬੰਧਤ ਅਧਿਕਾਰੀ/ ਕਰਮਚਾਰੀ ਦੀ ਜ਼ਿੰਮੇਵਾਰੀ ਫ਼ਿਕਸ ਕਰਕੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਵੱਖ-2 ਪੱਧਰਾਂ 'ਤੇ ਜ਼ਿੰਮੇਵਾਰ ਅਧਿਕਾਰੀਆਂ/ ਕਰਮਚਾਰੀਆਂ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਜੁਆਬਦੇਹ ਬਣਾਇਆ ਜਾ ਸਕੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕੇ ਅਤੇ ਪ੍ਰਿੰਟਿੰਗ ਫ਼ਰਮਾਂ ਤੇ ਹੋਰ ਵੈਂਡਰਜ਼ ਨੂੰ ਸਮੇ-ਸਿਰ ਅਦਾਇਗੀ ਕੀਤੀ ਜਾ ਸਕੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: -ਉਕਤ- ਮਿਤੀ: ਫ਼ਰਵਰੀ, 2016

ਉਤਾਰਾ ਹੇਠ ਲਿਖਿਆਂ ਨੂੰ ਸਰਵ ਸਿੱਖਿਆ ਅਭਿਆਨ ਦੀ ਵੈਬ-ਸਾਈਟ ਰਾਹੀਂ ਲੋੜੀਂਦੀ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਸਮੂਹ ਮੰਡਲ ਸਿੱਖਿਆ ਅਫ਼ਸਰ ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ।
3. ਸਮੂਹ ਸਕੂਲ ਮੁਖੀ/ ਇੰਚਾਰਜ਼ ਸਾਹਿਬਾਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**